TO ADVERTISE PLEASE CALL 416-899-2548

World's Largest Punjabi Weekly

ਅਜੀਤ

5 to 11 Feb. 2026

USA/ONTARIO/QUEBEC Division of 6178235 Canada Inc.

AJIT WEEKLY

Corporate Office: 7015-Tranmere Dr. Unit # 1 & 2 Mississauga, On. L5S 1T7 Canada

NANAKflights
TICO #50020679
ਸਸਤੀਆਂ ਹਵਾਈ ਟਿਕਟਾਂ
ਫ਼ਰੀ ਬੁਕਿੰਗ ਹੋਲਡ
ਮੁਫ਼ਤ 5-Star Hotel with Shuttle Service and Meal Coupon when flying with a participating airline.
24/7 SERVICE
BOOK FLIGHTS
905-456-9977
7990 Kennedy Rd S. Unit 201, Brampton

MANN Travels & Tours
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲਈ ਮਾਨ ਟਰੈਵਲ ਨੂੰ ਕਾਲ ਕਰੋ
IATA TICO No. 4671541
AMARJEET S. MANN PRESIDENT
Cottrelle : 905-595-1700
Springdale : 905-497-6300
Brampton : 905-595-2000
Hamiton : 905-930-7700
Markham : 416-603-1800
H.O: 499 Raylawson Blvd. # 32, Brampton

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 33 | No. 1687 | ajitweekly.com | darshantv.ca | fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

ਡੇਰਾ ਬਿਆਸ ਮੁਖੀ ਦਾ ਪੰਜਾਬ ਦੀ ਸਿਆਸਤ 'ਚ ਰਸੂਖ਼

ਬਰਿੰਦਰ ਸਿੰਘ

ਨਾਭਾ: ਪੰਜਾਬ ਦੀ ਨਾਭਾ ਜੇਲ੍ਹ ਦੇ ਬਾਹਰ ਇੱਕ ਪਾਸੇ ਲੋਕ ਹੱਥ ਜੋੜ ਕੇ ਖੜ੍ਹੇ ਸਨ ਕਿਉਂਕਿ ਸਾਹਮਣਿਓਂ ਡੇਰਾ ਬਿਆਸ ਮੁਖੀ ਗੁਰਿੰਦਰ ਢਿੱਲੋਂ ਆਪਣੀ ਗੱਡੀ 'ਚੋਂ ਉਤਰ ਕੇ ਜੇਲ੍ਹ ਦੇ ਅੰਦਰ ਦਾਖ਼ਲ ਹੋ ਰਹੇ ਸਨ। 2 ਫ਼ਰਵਰੀ ਸੋਮਵਾਰ ਦੇ ਦਿਨ ਡੇਰਾ ਬਿਆਸ ਮੁਖੀ ਗੁਰਿੰਦਰ ਢਿੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਨੂੰ ਮਿਲਣ ਪਹੁੰਚੇ ਸਨ। ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਮਗਰੋਂ ਉਨ੍ਹਾਂ ਦੀ ਆਪਸ 'ਚ ਇਹ ਦੂਜੀ ਮੁਲਾਕਾਤ ਸੀ। ਉਸੇ ਦਿਨ ਬਿਕਰਮ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਮਾਮਲੇ 'ਚ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲ ਗਈ। ਗੁਰਿੰਦਰ ਢਿੱਲੋਂ ਦੀ ਨਾਭਾ ਜੇਲ੍ਹ 'ਚਲੀ ਇਹ ਮੁਲਾਕਾਤ ਉਸ ਸਮੇਂ ਸੁਰਖ਼ੀਆਂ 'ਚ ਛਾਅ ਗਈ ਜਦੋਂ ਉਹ ਜੇਲ੍ਹ ਤੋਂ ਬਾਹਰ ਆ ਕੇ ਪੱਤਰਕਾਰਾਂ ਦੇ ਰੂਬਰੂ ਹੋਏ। ਉਸ ਮੌਕੇ ਜਦੋਂ ਇੱਕ ਪੱਤਰਕਾਰ ਵਲੋਂ ਗੁਰਿੰਦਰ ਢਿੱਲੋਂ ਤੋਂ ਪੁੱਛਿਆ ਗਿਆ ਕਿ ਬਿਕਰਮ ਮਜੀਠੀਆ ਉੱਪਰ ਡਰੱਗਜ਼ ਤਸਕਰੀ ਦੇ ਇਲਜ਼ਾਮ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਸਭ ਗ਼ਲਤ ਹੈ।

ਬਿਕਰਮ ਮਜੀਠੀਆ ਨਾਲ ਜੇਲ੍ਹ ਅੰਦਰ ਹੋਈ ਮੁਲਾਕਾਤ ਬਾਰੇ ਬਾਹਰ ਆ ਕੇ ਡੇਰਾ ਬਿਆਸ ਮੁਖੀ ਨੇ ਕਿਹਾ, "ਉਹ ਬਹੁਤ ਚੰਗੇ ਅਤੇ ਖ਼ੁਸ਼ ਹਨ। ਜਿਹੜੀਆਂ ਅੰਦਰਲੀਆਂ ਗੱਲਾਂ ਹਨ, ਉਹ ਸਾਰੀਆਂ ਤਾਂ ਨਹੀਂ ਕੀਤੀਆਂ ਜਾ ਸਕਦੀਆਂ।" ਬਿਕਰਮ ਮਜੀਠੀਆ ਉੱਪਰ ਹੋਈ ਕਾਰਵਾਈ ਬਾਰੇ ਕੀਤੇ ਸਵਾਲ 'ਤੇ ਉਨ੍ਹਾਂ ਕਿਹਾ, "ਮੈਨੂੰ ਸ਼ੋਭਾ ਨਹੀਂ ਦਿੰਦਾ ਕਿ ਮੈਂ ਕਿਸੇ ਤਰ੍ਹਾਂ ਦਾ ਕੌਮੈਂਟ ਕਰਾਂ, ਪਰ ਰਿਸ਼ਤੇਦਾਰੀ ਆਪਣੀ ਜਗ੍ਹਾ ਹੈ ਅਤੇ ਸਰਕਾਰ ਜੋ ਕਰ ਰਹੀ ਹੈ ਉਹ ਆਪਣੀ ਜਗ੍ਹਾ। ਉਹ ਮੇਰਾ ਇੱਕ ਦੋਸਤ ਹੈ, ਮੈਂ ਮਿਲਾਂਗਾ।" ਬਹੁਤ ਘੱਟ ਦੇਖਣ ਨੂੰ ਮਿਲਿਆ ਹੈ ਕਿ ਜਦੋਂ ਡੇਰਾ ਬਿਆਸ ਮੁਖੀ ਗੁਰਿੰਦਰ ਢਿੱਲੋਂ ਇਸ ਤਰ੍ਹਾਂ ਜਨਤਕ ਤੌਰ 'ਤੇ ਪੱਤਰਕਾਰਾਂ 'ਚ ਆਏ ਹੋਣ, ਪਰ ਉਨ੍ਹਾਂ ਵਲੋਂ ਦਿੱਤੇ ਬਿਆਨ ਨੇ ਸਿਆਸੀ ਗਲਿਆਰਿਆਂ 'ਚ ਨਵੀਂ ਚਰਚਾ ਜ਼ਰੂਰ ਛੇੜ ਦਿੱਤੀ ਹੈ। ਪਿਛਲੇ ਕੁੱਝ ਸਮੇਂ ਤੋਂ ਗੁਰਿੰਦਰ ਢਿੱਲੋਂ ਵਲੋਂ ਪੰਜਾਬ ਦੇ ਪੰਥਕ ਅਤੇ ਸਿਆਸੀ ਹਲਕਿਆਂ 'ਚ ਸਰਗਰਮੀ ਦਿਖਾਈ ਜਾਣ ਲੱਗੀ ਹੈ।

ਗੁਰਿੰਦਰ ਢਿੱਲੋਂ ਦਾ ਪਿਛੋਕੜ: ਗੁਰਿੰਦਰ ਸਿੰਘ ਢਿੱਲੋਂ ਦੇ ਪਿਛੋਕੜ ਉੱਪਰ ਜੇ ਇੱਕ ਝਾਤ ਮਾਰੀਏ ਤਾਂ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੀ ਅਧਿਕਾਰਿਤ ਵੈੱਬਸਾਈਟ ਮੁਤਾਬਿਕ ਬਾਬਾ ਗੁਰਿੰਦਰ ਸਿੰਘ ਦਾ ਜਨਮ 1954 'ਚ ਹੋਇਆ ਸੀ। ਉਹ ਪੰਜਾਬ ਦੇ ਕਿਰਸਾਨੀ ਨਾਲ ਸਬੰਧਤ ਇੱਕ ਪਰਿਵਾਰ ਤੋਂ ਆਉਂਦੇ ਹਨ। ਸਾਲ 1990 'ਚ ਗੁਰਿੰਦਰ ਸਿੰਘ ਨੂੰ ਉਨ੍ਹਾਂ ਦੇ ਸੰਤਾਂ ਨੇ ਰਾਧਾਸੁਆਮੀ ਸਤਿਸੰਗ ਬਿਆਸ ਦੇ ਅਧਿਆਤਮਿਕ ਗੁਰੂ ਵਜੋਂ ਥਾਪਿਆ ਸੀ। ਗੱਦੀ 'ਤੇ ਬਿਰਾਜਮਾਨ (ਬਾਕੀ ਸਫ਼ਾ 10 'ਤੇ)

Trump ਨੇ ਇੱਕ ਸਾਲ 'ਚ ਕਮਾਏ $1.4 Billion

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਚੁਣੇ ਜਾਣ ਤੋਂ ਬਾਅਦ Donald Trump ਦੀ ਨਿੱਜੀ ਕਮਾਈ ਦੇ ਅੰਕੜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇੱਕ ਰਿਪੋਰਟ ਅਨੁਸਾਰ Trump ਨੇ ਪਿਛਲੇ ਇੱਕ ਸਾਲ ਦੌਰਾਨ ਲਗਭਗ 12 ਹਜ਼ਾਰ ਕਰੋੜ ਰੁਪਏ ਦੀ ਕਮਾਈ ਕੀਤੀ। ਇਹ ਕਮਾਈ US ਦੇ ਇੱਕ ਆਮ ਮੱਧਵਰਗੀ ਪਰਿਵਾਰ ਦੀ ਆਮਦਨ ਨਾਲੋਂ 16,822 ਗੁਣਾ ਜ਼ਿਆਦਾ ਹੈ। Trump ਪਰਿਵਾਰ ਲਈ Family First (ਪਰਿਵਾਰ ਪਹਿਲਾਂ) ਦਾ ਫ਼ਾਰਮੂਲਾ ਕਾਫ਼ੀ ਫ਼ਾਇਦੇਮੰਦ ਸਾਬਿਤ ਹੋ ਰਿਹਾ ਹੈ।

ਮੈਲਾਨੀਆ 'ਤੇ ਬਣੀ ਫ਼ਿਲਮ ਅਤੇ Amazon ਦੀ ਡੀਲ: Trump ਦੀ ਪਤਨੀ ਮੈਲਾਨੀਆ ਟਰੰਪ ਦੀ ਇੱਕ ਡੌਕਿਊਮੈਂਟਰੀ ਫ਼ਿਲਮ ਲਈ Amazon ਵਲੋਂ 256 ਕਰੋੜ ਰੁਪਏ ਦਿੱਤੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ Amazon ਦੇ ਜੈੱਫ਼ ਬੇਜ਼ੋਸ ਨੇ ਹੋਰ ਪ੍ਰੋਜੈਕਟਾਂ ਦੇ ਮੁਕਾਬਲੇ ਇਸ ਫ਼ਿਲਮ ਲਈ ਬਹੁਤ ਵੱਡੀ ਰਕਮ ਦਿੱਤੀ ਸੀ ਜਿਸ ਦੇ ਪਿੱਛੇ ਸਪੇਸ, ਡਿਫ਼ੈਂਸ ਪ੍ਰੋਜੈਕਟਸ ਅਤੇ ਐਂਟੀ-ਟਰੱਸਟ ਕਾਨੂੰਨਾਂ ਵਰਗੇ ਕਾਰਨ ਹੋ ਸਕਦੇ ਹਨ।

ਕੰਪਨੀਆਂ ਨਾਲ ਸਮਝੌਤੇ ਅਤੇ ਮਸਕ ਦਾ ਯੋਗਦਾਨ: Trump ਨੂੰ ਵੱਖ-ਵੱਖ ਕੰਪਨੀਆਂ ਵਿਰੁੱਧ ਕੀਤੇ ਮੁਕਦਮਿਆਂ ਤੋਂ ਵੀ ਭਾਰੀ ਆਮਦਨ ਹੋ ਰਹੀ ਹੈ। ABC News, Meta, Paramount ਅਤੇ UTube ਵਰਗੀਆਂ ਕੰਪਨੀਆਂ ਨੇ Trump ਨਾਲ ਸਮਝੌਤਾ ਕਰ ਕੇ ਅਰਬਾਂ ਰੁਪਏ ਦੇਣ ਦੀ ਸਹਿਮਤੀ ਜਤਾਈ ਹੋਈ ਹੈ। Tesla ਦੇ ਮਾਲਕ ਈਲੌਨ ਮਸਕ ਵੀ ਲਗਭਗ 90 ਕਰੋੜ ਰੁਪਏ ਦੇ (ਬਾਕੀ ਸਫ਼ਾ 10 'ਤੇ)

Gold-Silver ਦੀਆਂ ਕੀਮਤਾਂ ਨੂੰ ਲੈ ਕੇ BMO ਦਾ ਨਵਾਂ ਦਾਅਵਾ

ਟੋਰੌਂਟੋ: ਇੱਕ ਮਸ਼ਹੂਰ ਕੈਨੇਡੀਅਨ ਬੈਂਕ ਦੀਆਂ ਤਾਜ਼ਾ ਭਵਿੱਖਬਾਣੀਆਂ ਨੇ ਭਵਿੱਖ ਦੇ ਬਾਜ਼ਾਰ ਦੀ ਇੱਕ ਤਸਵੀਰ ਸਾਹਮਣੇ ਲਿਆਂਦੀ ਹੈ ਜਿਸ ਨੇ ਦੁਨੀਆਂ ਭਰ ਦੇ ਨਿਵੇਸ਼ਕਾਂ ਨੂੰ ਹੈਰਾਨ ਕਰ ਦਿੱਤਾ ਹੈ। BMO ਕੈਪੀਟਲ ਮਾਰਕਿਟ ਦੀ ਇਸ ਰਿਪੋਰਟ ਅਨੁਸਾਰ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਅੱਜ ਇੱਕ ਸੁਪਨੇ ਵਾਂਗ ਜਾਪਦੀਆਂ ਉੱਚਾਈਆਂ ਤਕ ਪਹੁੰਚ ਸਕਦੀਆਂ ਹਨ।

2027 ਤਕ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਸੰਭਾਵੀ ਧਮਾਕਾ: ਕੈਨੇਡੀਅਨ ਬੈਂਕ ਦਾ ਦਾਅਵਾ ਹੈ ਕਿ ਸੋਨਾ 2027 ਤਕ ਅੰਤਰਰਾਸ਼ਟਰੀ ਬਾਜ਼ਾਰ 'ਚ

$8,650 ਪ੍ਰਤੀ ਔਂਸ ਦੇ ਜਾਦੂਈ ਪੱਧਰ ਤਕ ਪਹੁੰਚ ਸਕਦਾ ਹੈ। ਚਾਂਦੀ ਵੀ ਆਪਣੀ ਚਮਕ ਨਾਲ ਹਰ ਕਿਸੇ ਨੂੰ ਹੈਰਾਨ ਕਰ ਸਕਦੀ ਹੈ ਜੋ ਕਿ $220 ਪ੍ਰਤੀ ਔਂਸ ਤਕ ਪਹੁੰਚ ਸਕਦੀ ਹੈ। ਜੇਕਰ ਅਸੀਂ ਇਸ ਗਣਨਾ ਨੂੰ ਭਾਰਤੀ ਰੁਪਏ ਅਤੇ ਬਾਜ਼ਾਰ ਦੇ ਸੰਦਰਭ 'ਚ ਸਮਝੀਏ, ਤਾਂ 2027 ਦੇ ਅੰਤ ਤਕ 10 ਗ੍ਰਾਮ ਸੋਨੇ ਦੀ ਕੀਮਤ ਤਿੰਨ ਲੱਖ ਰੁਪਏ ਦੇ ਨੇੜੇ ਪਹੁੰਚ ਸਕਦੀ ਹੈ। ਚਾਂਦੀ ਲਈ ਭਵਿੱਖਬਾਣੀ ਹੋਰ ਵੀ ਹੈਰਾਨ ਕਰਨ ਵਾਲੀ ਹੈ ਜੋ ਕਿ 7.20 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਅੰਕੜੇ ਨੂੰ ਪਾਰ ਕਰ ਸਕਦੀ ਹੈ।

ਕਿਓਂ ਅਸਮਾਨ ਛੂਹਣਗੀਆਂ ਕੀਮਤਾਂ? ਮਾਹਿਰਾਂ ਦਾ ਮੰਨਣਾ ਹੈ ਕਿ ਵਿਸ਼ਵਵਿਆਪੀ ਰਾਜਨੀਤਿਕ ਅਤੇ ਆਰਥਿਕ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ। ਰਿਪੋਰਟ 'ਚ ਸੈੱਲ ਅਮੈਰੀਕਾ (Sell America) ਭਾਵ ਅਮਰੀਕੀ ਡਾਲਰ ਅਤੇ ਬੌਂਡ ਬਾਜ਼ਾਰ 'ਚ ਨਿਵੇਸ਼ਕਾਂ ਦੇ ਘਟਦੇ ਵਿਸ਼ਵਾਸ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੂੰ US ਕਰੰਸੀ ਤੋਂ ਦੂਰੀ ਬਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਦੁਨੀਆਂ ਭਰ 'ਚ ਸਰਕਾਰੀ ਬੈਲੇਂਸ ਸ਼ੀਟਾਂ 'ਤੇ ਦਬਾਅ ਵਧਦਾ ਹੈ, (ਬਾਕੀ ਸਫ਼ਾ 10 'ਤੇ)

Mars 'ਤੇ 3.5 ਅਰਬ ਸਾਲ ਪੁਰਾਣਾ Beach ਮਿਲਣ ਮਗਰੋਂ NASA ਨੂੰ ਮਿਲੇ ਜੀਵਨ ਦੇ ਪੁਖ਼ਤਾ ਸਬੂਤ



ਵਸ਼ਿੰਗਟਨ: ਵਿਗਿਆਨੀਆਂ ਨੇ ਮੰਗਲ ਗ੍ਰਹਿ (Mars) 'ਤੇ ਜੀਵਨ ਦੇ ਪ੍ਰਾਚੀਨ ਸੰਕੇਤਾਂ ਦੀ ਖੋਜ 'ਚ ਇੱਕ ਵੱਡੀ ਅਤੇ ਮਹੱਤਵਪੂਰਣ ਸਫ਼ਲਤਾ ਪ੍ਰਾਪਤ ਕੀਤੀ ਹੈ। NASA ਦੇ ਪਰਸੇਵੀਅਰੈਂਸ ਰੋਵਰ ਨੇ ਮੰਗਲ ਗ੍ਰਹਿ ਦੇ ਜਜ਼ੈਰੋ ਕ੍ਰੇਟਰ (Jezero Crater) 'ਚ ਲਗਭਗ 3.5 ਅਰਬ ਸਾਲ ਪੁਰਾਣੇ ਸਮੁੰਦਰੀ ਤੱਟ (Beach), ਅਤੇ ਇੱਕ ਵਿਸ਼ਾਲ ਝੀਲ ਦੇ ਸਬੂਤ ਲੱਭੇ ਹਨ। ਇਹ ਖੋਜ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਮੰਗਲ 'ਤੇ ਬਹੁਤ ਲੰਬੇ ਸਮੇਂ ਤਕ ਪਾਣੀ ਮੌਜੂਦ ਰਿਹਾ ਸੀ। ਵਿਗਿਆਨੀਆਂ ਅਨੁਸਾਰ ਇਹ ਉਹ ਥਾਂ ਹੈ ਜਿੱਥੇ ਕਦੇ ਪਾਣੀ ਦੀਆਂ ਲਹਿਰਾਂ ਕਿਨਾਰਿਆਂ ਨਾਲ ਟਕਰਾਉਂਦੀਆਂ ਸਨ ਜਿਸ ਕਾਰਨ ਇਹ ਖੋਜ Mars ਦੇ ਇਤਿਹਾਸ ਨੂੰ ਸਮਝਣ ਲਈ ਬਹੁਤ ਮਹੱਤਵਪੂਰਣ ਮੰਨੀ ਜਾ ਰਹੀ ਹੈ।

ਇਹ ਅਧਿਐਨ ਬ੍ਰਿਟੇਨ ਦੇ ਇੰਪੀਰੀਅਲ ਕਾਲਜ ਲੰਡਨ ਦੇ ਵਿਗਿਆਨੀਆਂ ਦੀ ਟੀਮ ਦੁਆਰਾ ਕੀਤਾ ਗਿਆ ਹੈ, ਅਤੇ ਇਸ ਦੇ ਨਤੀਜੇ ਜਰਨਲ ਔਫ਼ ਜੀਓਫ਼ਿਜ਼ੀਕਲ ਰੀਸਰਚ (Planets) 'ਚ ਪ੍ਰਕਾਸ਼ਿਤ ਹੋਏ ਹਨ। ਰੋਵਰ ਦੁਆਰਾ ਲਈਆਂ ਗਈਆਂ ਉੱਚ-ਰੈਜ਼ੋਲੂਸ਼ਨ ਤਸਵੀਰਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਜਜ਼ੈਰੋ ਕ੍ਰੇਟਰ ਦੇ ਮਾਰਜਿਨ ਯੂਨਿਟ (Margin Unit) ਨਾਮਕ ਖੇਤਰ 'ਚ ਅਜਿਹੀਆਂ ਚੱਟਾਨਾਂ ਅਤੇ ਸੰਰਚਨਾਵਾਂ ਮਿਲੀਆਂ ਹਨ ਜੋ ਆਮ ਤੌਰ 'ਤੇ ਝੀਲ ਜਾਂ ਸਮੁੰਦਰ ਦੇ ਕੰਢੇ ਬਣਦੀਆਂ ਹਨ। ਖੋਜਕਰਤਾਵਾਂ ਨੂੰ ਉੱਥੇ ਓਲੀਵਾਈਨ (Olivine) ਅਤੇ ਕਾਰਬੋਨੇਟ ਖਣਿਜਾਂ ਦੇ ਬਣੇ ਗੋਲ ਰੇਤ ਦੇ ਦਾਣੇ ਮਿਲੇ ਹਨ ਜੋ ਲਹਿਰਾਂ ਦੀ ਹਰਕਤ ਕਾਰਨ ਘਿਸੇ ਹੋਏ ਜਾਪਦੇ ਹਨ।

ਖੋਜ ਦੀ ਮੁੱਖ ਲੇਖਕ ਐਲੇਕਸ ਜੋਨਜ਼ ਅਨੁਸਾਰ ਧਰਤੀ 'ਤੇ ਸਮੁੰਦਰੀ ਤੱਟ ਜੀਵਨ ਲਈ ਅਨੁਕੂਲ ਵਾਤਾਵਰਣ ਹੁੰਦੇ ਹਨ, ਅਤੇ ਉੱਥੇ ਮਿਲੇ ਕਾਰਬੋਨੇਟ ਖਣਿਜ ਪੁਰਾਣੇ ਵਾਤਾਵਰਣ ਦੀ ਜਾਣਕਾਰੀ ਨੂੰ ਸੁਰੱਖਿਅਤ ਰੱਖ ਸਕਦੇ ਹਨ। ਪ੍ਰੋਫ਼ੈਸਰ ਸੰਜੀਵ ਗੁਪਤਾ ਨੇ ਦੱਸਿਆ ਕਿ ਮੰਗਲ 'ਤੇ ਜ਼ਮੀਨ ਦੇ ਹੇਠਾਂ ਵੀ ਪਾਣੀ ਦਾ ਵਹਾਅ ਲੰਬੇ ਸਮੇਂ ਤਕ ਰਿਹਾ ਹੋਵੇਗਾ ਜਿਸ ਨੇ ਚੱਟਾਨਾਂ ਨੂੰ ਅੰਦਰੋਂ ਬਦਲ ਦਿੱਤਾ ਸੀ। ਧਰਤੀ 'ਤੇ ਅਜਿਹੇ ਵਾਤਾਵਰਣ ਸੂਖਮ ਜੀਵਾਂ ਦੇ ਜੀਵਨ ਦਾ ਸਮਰਥਨ ਕਰਦੇ ਹਨ ਜਿਸ ਕਾਰਨ ਇਹ ਸੰਭਾਵਨਾ ਵੱਧ ਗਈ ਹੈ ਕਿ ਮੰਗਲ 'ਤੇ ਵੀ ਕਦੇ ਸਾਧਾਰਣ ਜੀਵਨ ਪਨਪਣ ਦੀਆਂ ਸਥਿਤੀਆਂ ਮੌਜੂਦ ਰਹੀਆਂ ਹੋਣਗੀਆਂ।

ਪਰਸੇਵੀਅਰੈਂਸ ਰੋਵਰ ਸਾਲ 2021 ਤੋਂ ਜਜ਼ੈਰੋ ਕ੍ਰੇਟਰ 'ਚ ਖੋਜ ਕਰ ਰਿਹਾ ਹੈ, ਅਤੇ ਚੱਟਾਨਾਂ ਦੇ ਨਮੂਨੇ ਇੱਕੱਠੇ ਕਰ ਰਿਹਾ ਹੈ। ਇਨ੍ਹਾਂ ਨਮੂਨਿਆਂ ਨੂੰ ਭਵਿੱਖ 'ਚ ਇੱਕ ਵੱਖਰੇ ਮਿਸ਼ਨ ਰਾਹੀਂ ਧਰਤੀ 'ਤੇ ਲਿਆਂਦਾ ਜਾਵੇਗਾ ਤਾਂ ਜੋ ਵਿਗਿਆਨਕ ਪ੍ਰਯੋਗਸ਼ਾਲਾਵਾਂ 'ਚ ਇਹਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਸਕੇ। ਇਹ ਨਵੀਂ ਖੋਜ ਸਾਬਤ ਕਰਦੀ ਹੈ ਕਿ ਮੰਗਲ ਦਾ ਅਤੀਤ ਅੱਜ ਦੇ ਸੁੱਕੇ ਅਤੇ ਠੰਡੇ ਗ੍ਰਹਿ ਨਾਲੋਂ ਬਿਲਕੁਲ ਵੱਖਰਾ ਅਤੇ ਧਰਤੀ ਵਰਗਾ ਸੀ।



Spring Meadows Dental Clinic
Free Dental Care & Dentures With Canadian Dental Care Plan
Services:- Dentures, Implants, One Visit RCT, Denture Repair Same Day, Wisdom Tooth Surgery, Braces & Invisalign
PR & Work-Permit ਵਾਲੇ ਵੀ CDCP ਲਈ Eligible
Insurance Coverage Accepted
Direct Billing to Insurance Companies
ਨਵਾਂ Patient Exam & Teeth Cleaning ਕਰਾਉਣ 'ਤੇ Teeth Whitening or Electric Tooth Brush FREE
Some conditions apply
905-458-3344
50 Sunny Meadow Blvd. Unit 112, Brampton
Weekend, Evening Appointment & Same Day Emergencies Available
www.springmeadowsdental.com

PROTECT YOUR HOME FROM PESTS
Residential/Commercial/Industrial
Low Cost Pest Control Service
100% Success rate for Bed Bug Treatment
BED BUG MATTRESS COVER ALSO AVAILABLE
FREE HOME INSPECTION CALL TODAY
(RELY ON US, WE RELY ON EXPERIENCE)
Ranjit Sidhu Certified Exterminator
Ministry of the Environment (Ontario)
A TO Z PEST CONTROL INC.
www.atozpestcontroltoronto.com atozpestcontrol.rs@gmail.com
Cell: 647-668-3944 off: 905-455-0648

APRA MONEY EXCHANGE INVESTMENT LENDING INC.
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
1st or 2nd Mortgages
Jagtar Dhah 416-731-7710
Gurjit Dhah 647-267-3424 Lic # 15000974
6 Rae Avenue, Brampton Bus: 905-794-3233

BANI CREATIONS
Latest Design Boutique
Style Hand Work
Sharara & Salwar Suit Available
ਸਾਡੇ ਕੋਲ ਲੇਡੀ ਟੇਲਰ ਵੀ ਹੈ
By Appointment only
RAJBEER 647-829-2454
7015 Tranmere Dr. Unit 1, Missisauga

SHAMA CHEEMA
SALES REPRESENTATIVE
647-891-7462
shamadhillon@yahoo.ca

HOMELIFE HIGHER STANDARDS
HOMELIFE SILVERCITY REALTY INC., BROKERAGE
EACH OFFICE IS INDEPENDENTLY OWNED & OPERATED
ਘਰ ਖ਼ਰੀਦੋ ਜਾਂ ਵੇਚੋ
Trust Us For All Your Real Estate Needs
11775 Bramalea Rd., Suite 201, Brampton
905.913.8500

NEETA B. JOHAR
(Over 25 Yrs Experience)
BROKER, 416-844-8447
neetajohar@rogers.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131

www.MakeMeDebtFree.ca

Jasbir Singh Hundal
Qualified Credit Counsellor
416-502-3100
7015-Tranmere Dr. Unit20, Mississauga, ON. L5S 1T7 Canada